BCPharmaCare

# ਤੁਹਾਡਾ ਨਵਾਂ ਫੇਅਰ ਫਾਰਮਾਕੇਅਰ ਪ੍ਰੋਗਰਾਮ ਹਰੇਕ ਲਈ ਫੇਅਰ ਕੇਅਰ



ਤੁਹਾਡੀਆਂ ਨੁਸਖੇ ਵਾਲੀਆਂ ਦਵਾਈਆਂ ਬਾਰੇ ਮਹੱਤਵਪੂਰਨ ਜਾਣਕਾਰੀ ਲੈਣ ਲਈ ਕਿਰਪਾ ਕਰਕੇ ਇਸ ਕਿਤਾਬਚੇ ਨੂੰ ਪੜ੍ਹੋ।

**這單張爲您提供了在處方藥物費用上取得經濟援助的重要資料。倘需要廣東話及普通話服務，請致電 1-800-387-4977。**

This brochure contains important information about financial assistance available for your prescription drug costs. Call 1-800-387-4977 for services in English.

## ਤੁਹਾਡਾ ਨਵਾਂ ਫੇਅਰ ਫਾਰਮਾਕੇਅਰ ਪ੍ਰੋਗਰਾਮ: ਹਰ ਇੱਕ ਲਈ ਜਾਇਜ਼ ਦੇਖਭਾਲ

ਬੀਸੀ ਦੇ ਫਾਰਮਾਕੇਅਰ ਪ੍ਰੋਗਰਾਮ ਨੂੰ ਆਧੁਨਿਕ ਬਣਾਇਆ ਜਾ ਰਿਹਾ ਹੈ ਤਾਂ ਜੋ ਨੁਸਖੇ ਵਾਲੀਆਂ ਦਵਾਈਆਂ (ਡਾਕਟਰ ਤੋਂ ਲਿਖਾ ਕੇ ਮਿਲਣ ਵਾਲੀਆਂ ਦਵਾਈਆਂ) ਵਰਤਣ ਵਾਲਿਆਂ ਨੂੰ ਸੂਬੇ ਭਰ ਵਿਚ ਜਾਇਜ਼ ਪਹੁੰਚ ਪ੍ਰਦਾਨ ਕੀਤੀ ਜਾਵੇ। ਨਵੀਂ ਨੀਤੀ ਬ੍ਰਿਟਿਸ਼ ਕੁਲੰਬੀਆ ਦੇ ਉਨ੍ਹਾਂ ਲੋਕਾਂ ਦੀ ਫਾਰਮਾਕੇਅਰ ਮਾਇਕ ਸਹਾਇਤਾ ਨੂੰ ਧਿਆਨ ਵਿਚ ਰੱਖ ਕੇ ਬਣਾਈ ਗਈ ਹੈ, ਜਿਨ੍ਹਾਂ ਨੂੰ ਇਸ ਸਭ ਤੋਂ ਵੱਧ ਲੋੜ ਹੈ: ਜਿੰਨੀ ਤੁਹਾਡੀ ਆਮਦਨ ਘੱਟ ਹੋਵੇਗੀ, ਨੁਸਖੇ ਵਾਲੀਆਂ ਦਵਾਈਆਂ ਲੈਣ ਲਈ ਸਰਕਾਰ ਉੱਨੀ ਹੀ ਵੱਧ ਮੱਦਦ ਕਰੇਗੀ।

ਪੁਰਾਣੀ ਨੀਤੀ ਅਧੀਨ, ਬ੍ਰਿਟਿਸ਼ ਕੁਲੰਬੀਆ ਦੇ ਬਹੁਤ ਸਾਰੇ ਘੱਟ-ਆਮਦਨ ਵਾਲੇ ਲੋਕ, ਵੱਧ ਆਮਦਨ ਵਾਲੇ ਲੋਕਾਂ ਦੇ ਮੁਕਾਬਲੇ ਨੁਸਖੇ ਵਾਲੀਆਂ ਦਵਾਈਆਂ ਦੀ ਵਧੇਰੇ ਕੀਮਤ ਅਦਾ ਕਰਦੇ ਆ ਰਹੇ ਹਨ। ਫੇਅਰ ਫਾਰਮਾਕੇਅਰ ਪ੍ਰਗਰਾਮ ਇਸ ਸਮੱਸਿਆ ਨੂੰ ਠੀਕ ਕਰਨ ਵਿਚ ਸਹਾਇਤਾ ਕਰੇਗੀ ਅਤੇ ਦਵਾਈਆਂ ਦੀਆਂ ਤੇਜ਼ੀ ਨਾਲ ਵਧ ਰਹੀਆਂ ਕੀਮਤਾਂ ਸਮੇ ਫਾਰਮਾਕੇਅਰ ਵਲੋਂ ਮਿਲਣ ਵਾਲੀਆਂ ਮਹੱਤਵਪੂਰਨ ਸਹੂਲਤਾਂ ਦੀ ਰਾਖੀ ਕਰੇਗਾ। ਨਵੇਂ ਪ੍ਰੋਗਰਾਮ ਅਧੀਨ ਬ੍ਰਿਟਿਸ਼ ਕੁਲੰਬੀਆ ਦੇ ਘੱਟ ਆਮਦਨੀ ਵਾਲੇ 280,000 ਪਰਿਵਾਰ ਹੁਣ ਨਾਲੋ ਘੱਟ ਕੀਮਤਾਂ ਅਦਾ ਕਰਨਗੇ। ਸਮੁੱਚੇ ਤੌਰ 'ਤੇ ਇਸ ਨਵੀ ਅਤੇ ਨਿਆਂਸੰਗਤ ਨੀਤੀ ਦੁਆਰਾ ਬੀਸੀ ਦੇ ਬਹੁ ਗਿਣਤੀ ਪਰਿਵਾਰ ਆਪਣੀਆਂ ਨੁਸਖੇ ਵਾਲੀਆਂ ਦਵਾਈਆਂ ਲਈ ਹੁਣ ਜਿੰਨੀ ਜਾਂ ਹੁਣ ਤੋਂ ਘੱਟ ਕੀਮਤ ਅਦਾ ਕਰਿਆ ਕਰਨਗੇ।

ਬੀਸੀ ਦਾ ਨਵਾਂ ਫੇਅਰ ਫਾਰਮਾਕੇਅਰ ਪ੍ਰੋਗਰਾਮ 1 ਮਈ, 2003 ਤੋਂ ਸ਼ੁਰੂ ਹੁੰਦਾ ਹੈ।

ਤੁਸੀਂ ਫੇਅਰ ਫਾਰਮਾਕੇਅਰ ਪ੍ਰੋਗਰਾਮ ਅਧੀਨ ਵੱਧ ਤੋਂ ਵੱਧ ਮਾਇਕ ਸਹਾਇਤਾ ਲੈਣੀ ਹੈ ਤਾਂ, ਤੁਹਾਨੂੰ ਹੁਣ ਰਜਿਸਟਰ ਹੋਣਾ ਚਾਹੀਦਾ ਹੈ।

ਬੀਸੀ ਦੇ ਫੇਅਰ ਫਾਰਮਾਕੇਅਰ ਪ੍ਰੋਗਰਾਮ ਬਾਰੇ ਆਮ ਸੁਆਲਾਂ ਦੇ ਜੁਆਬ ਅਤੇ ਰਜਿਸਟਰ ਹੋਣ ਦੇ ਨੁਕਤੇ ਜਾਣਨ ਲਈ ਇਸ ਨੂੰ ਪੜ੍ਹੋ। ਹੋਰ ਵਧੇਰੇ ਜਾਣਕਾਰੀ ਲਈ ਸਾਡੀ ਵੈੱਬ ਸਾਈਟ www.gov.bc.ca 'ਤੇ ਜਾਓ ਜਾਂ ਬੀਸੀ ਵਿਚ ਮੁਫਤ ਫੋਨ ਕਰੋ: 1-800-387-4977

# ਬੀਸੀ ਦੇ ਨਵੇਂ ਫੇਅਰ ਫਾਰਮਾਕੇਅਰ ਪ੍ਰੋਗਰਾਮ ਲਈ ਕੌਣ ਯੋਗ ਹੈ

## ਫਾਰਮਾਕੇਅਰ ਮਾਇਕ ਸਹਾਇਤਾ ਲੈਣ ਵਾਸਤੇ ਰਜਿਸਟਰ ਹੋਣ ਲਈ ਜ਼ਰੂਰੀ ਹੈ:

- ਘੱਟੋ-ਘੱਟ ਤਿੰਨ ਮਹੀਨਿਆਂ ਤੋਂ ਬੀਸੀ ਦਾ ਵਸਨੀਕ ਹੋਵੇ
- ਬੀਸੀ ਦੇ ਮੈਡੀਕਲ ਸਰਵਿਸਜ਼ ਪਲੈਨ ਨਾਲ ਰਜਿਸਟਰਡ ਹੋਵੇ
- ਕੈਨੇਡਾ ਦਾ ਸਿਟੀਜ਼ਨ ਜਾਂ ਪਰਮਾਨੈਂਟ ਰੈਜ਼ੀਡੈਂਟ ਸਟੇਟਸ ਰੱਖਦਾ ਹੋਵੇ
- 2001 ਦੀ ਟੈਕਸ ਰਿਟਰਨ ਭਰੀ ਹੋਵੇ ਜਾਂ ਯੋਗ ਬਾਲਗ ਦਾ ਆਸ਼ਰਤ (ਡਿਪੈਂਡੈਂਟ) ਬੱਚਾ ਹੋਵੇ


ਜੇ ਤੁਸੀ ਜਾਂ ਤੁਹਾਡਾ ਜੀਵਨ-ਸਾਥੀ (ਸਪਾਊਸ) 1939 ਜਾਂ ਪਹਿਲਾਂ ਜਨਮੇ ਹੋ ਤਾਂ ਤੁਸੀਂ ਸੀਨੀਅਰਜ਼ ਫੇਅਰ ਫਾਰਮਾਕੇਅਰ ਪ੍ਰੋਗਰਾਮ ਅਧੀਨ ਮਾਇਕ ਸਹਾਇਤਾ ਲਈ ਯੋਗ ਹੋ ਸਕਦੇ ਹੋ, ਜਦੋਂ ਤੁਸੀਂ 65 ਸਾਲ ਦੇ ਹੋ ਗਏ। 1940 ਜਾਂ ਬਾਦ ਵਿਚ ਜਨਮੇ ਬ੍ਰਿਟਿਸ਼ ਕੁਲੰਬੀਅਨ ਜੋ ਰਜਿਸਟਰ ਹੋਣਗੇ, ਉਹ ਨਵੇਂ ਫੇਅਰ ਫਾਰਮਾਕੇਅਰ ਪ੍ਰੋਗਰਾਮ ਅਧੀਨ ਮਾਇਕ ਸਹਾਇਤਾ ਲਈ ਯੋਗ ਹੋਣਗੇ।

## ਰਜਿਸਟਰ ਹੋਣ ਲਈ ਜ਼ਰੂਰੀ ਦਸਤਾਵੇਜ਼

ਬੀਸੀ ਦੇ ਨਵੇਂ ਫਾਰਮਾਕੇਅਰ ਪ੍ਰੋਗਰਾਮ ਨਾਲ ਰਜਿਸਟਰ ਹੋਣ ਲਈ ਤੁਹਾਨੂੰ ਇਨ੍ਹਾਂ ਚੀਜ਼ਾਂ ਦੀ ਲੋੜ ਹੈ:

- ਬੀਸੀ ਕੇਅਰ ਕਾਰਡ ਨੰਬਰ:
  - ਤੁਹਾਡਾ
  - ਤੁਹਾਡੇ ਜੀਵਨ-ਸਾਥੀ ਦਾ (ਜੇ ਹੋਵੇ ਤਾਂ)
  - ਆਸ਼ਰਤ ਬੱਚਿਆਂ ਦਾ (ਜੇ ਹੋਣ ਤਾਂ)
- 2001 ਦੀ ਨੈੱਟ ਪਰਿਵਾਰਕ ਆਮਦਨ:
  - ਤੁਹਾਡੀ
  - ਤੁਹਾਡੇ ਜੀਵਨ-ਸਾਥੀ ਦੀ (ਜੇ ਹੋਵੇ ਤਾਂ)
- ਸੋਸ਼ਲ ਇਨਸ਼ੋਰੈਂਸ ਨੰਬਰ:
  - ਤੁਹਾਡਾ
  - ਤੁਹਾਡੇ ਜੀਵਨ-ਸਾਥੀ ਦਾ (ਜੇ ਹੋਵੇ ਤਾਂ)
- ਜਨਮ ਤਰੀਕਾਂ:
  - ਤੁਹਾਡੀ
  - ਤੁਹਾਡੇ ਜੀਵਨ-ਸਾਥੀ ਦੀ (ਜੇ ਹੋਵੇ ਤਾਂ)
  - ਆਸ਼ਰਤ ਬੱਚਿਆਂ ਦੀ (ਜੇ ਹੋਣ ਤਾਂ)



*ਜੇ ਤੁਹਾਡਾ ਕੋਈ ਸੁਆਲ ਹੈ ਤਾਂ ਬੀਸੀ ਵਿਚ ਮੁਫਤ ਫੋਨ ਕਰੋ 1-800-387-4977

## ਰਜਿਸਟਰ ਕਿਵੇਂ ਹੋਣਾ ਹੈ

ਤੁਹਾਨੂੰ ਹੁਣੇ ਰਜਿਸਟਰ ਹੋਣਾ ਚਾਹੀਦਾ ਹੈ ਤਾਂ ਕਿ ਤੁਹਾਨੂੰ ਵੱਧ ਤੋਂ ਵੱਧ ਫਾਰਮਾਕੇਅਰ ਮਾਇਕ ਸਹਾਇਤਾ ਮਿਲ ਸਕੇ, ਜਦੋਂ 1 ਮਈ, 2003 ਨੂੰ ਨਵਾਂ ਪ੍ਰੋਗਰਾਮ ਸ਼ੁਰੂ ਹੁੰਦਾ ਹੈ।

ਤੁਰੰਤ ਰਜਿਸਟਰ ਹੋਣ ਵਾਸਤੇ, ਟੈਲੀਫੋਨ ਰਜਿਸਟਰੇਸ਼ਨ ਜਾਂ ਔਨਲਾਈਨ ਰਜਿਸਟਰੇਸ਼ਨ ਦਾ ਇਸਤੇਮਾਲ ਕਰੋ:

ਟੈਲੀਫੋਨ ਰਾਹੀਂ:
ਬੀਸੀ ਵਿਚ 1-800-387-4977 'ਤੇ ਮੁਫਤ ਕਾਲ ਕਰੋ ਅਤੇ ਨਵੇਂ ਫਾਰਮਾਕੇਅਰ ਪ੍ਰੋਗਰਾਮ ਲਈ ਰਜਿਸਟਰ ਹੋਣ ਵਾਸਤੇ ਮੰਗੀ ਜਾਂਦੀ ਜਾਣਕਾਰੀ ਮੁਹੱਈਆ ਕਰੋ।

ਇੰਟਰਨੈੱਟ ਰਾਹੀਂ:
ਸਾਡੀ ਵੈੱਬ ਸਾਈਟ www.gov.bc.ca 'ਤੇ ਜਾਓ ਅਤੇ ਔਨ-ਲਾਈਨ ਰਜਿਸਟਰੇਸ਼ਨ ਫਾਰਮ ਭਰੋ।

ਤੁਹਾਡੀ ਰਜਿਸਟਰੇਸ਼ਨ ਮੁਕੰਮਲ ਕਰਨ ਲਈ ਫਾਰਮਾਕੇਅਰ ਨੂੰ ਤੁਹਾਡੀ ਨੈੱਟ ਇਨਕਮ, ਕੈਨੇਡਾ ਕਸਟਮ ਅਤੇ ਰੈਵੇਨਿਊ ਏਜੰਸੀ ਤੋਂ ਤਸਦੀਕ ਕਰਨ ਦੀ ਲੋੜ ਪਵੇਗੀ। ਅਸੀਂ ਤੁਹਾਨੂੰ ਇੱਕ ਸਹਿਮਤੀ ਫਾਰਮ ਦੇਵਾਂਗੇ, ਜਿਹੜਾ ਤੁਸੀਂ ਦਸਖਤ ਕਰਕੇ ਫਾਰਮਾਕੇਅਰ ਨੂੰ ਭੇਜੋਗੇ, ਜੋ ਸਾਨੂੰ ਇਹ ਜਾਣਕਾਰੀ ਲੈਣ ਦੀ ਆਗਿਆ ਦੀ ਪੁਸ਼ਟੀ ਕਰੇਗਾ।ਇਸ ਮਹੱਤਵਪੂਰਨ ਕਦਮ ਨੂੰ ਮੁਕੰਮਲ ਕਰਨਾ ਫਾਰਮਾਕੇਅਰ ਨੂੰ ਇਜਾਜ਼ਤ ਦਿੰਦਾ ਹੈ ਕਿ ਉਹ ਯਕੀਨੀ ਬਣਾਵੇ ਕਿ ਨਵੇਂ ਫੇਅਰ ਫਾਰਮਾਕੇਅਰ ਪ੍ਰੋਗਰਾਮ ਅਧੀਨ ਤੁਸੀਂ ਵੱਧ ਤੋਂ ਵੱਧ ਮਾਇਕ ਸਹਾਇਤਾ ਲੈ ਸਕੋ।

ਡਾਕ ਰਾਹੀਂ:
ਜੇ ਤੁਹਾਡੀ ਇੱਛਾ ਡਾਕ ਰਾਹੀਂ ਰਜਿਸਟਰ ਹੋਣ ਦੀ ਹੈ ਤਾਂ ਤੁਸੀਂ ਨਾਲ ਦਿੱਤਾ ਰਜਿਸਟਰੇਸ਼ਨ ਫਾਰਮ ਭਰਕੇ, ਦਸਖਤ ਕਰਕੇ ਵਾਪਸ ਜ਼ਰੂਰ ਭੇਜੋ। ਡਾਕ ਰਾਹੀਂ ਰਜਿਸਟਰੇਸ਼ਨ ਦੀ ਪ੍ਰਕ੍ਰਿਆ ਨੂੰ ਵਧੇਰੇ ਸਮਾਂ ਲਗਦਾ ਹੈ ਅਤੇ ਇਸ ਰਾਹੀਂ ਤੁਹਾਨੂੰ ਵੱਧ ਤੋਂ ਵੱਧ ਫਾਰਮਾਕੇਅਰ ਮਾਇਕ ਸਹਾਇਤਾ ਮਿਲਣ ਵਿਚ ਅੰਦਾਜ਼ਨ 6 ਤੋਂ 8 ਹਫਤੇ ਦਾ ਸਮਾਂ ਲਗਦਾ ਹੈ।

ਜਦੋਂ ਇੱਕ ਵਾਰ ਰਜਿਸਟਰੇਸ਼ਨ ਪ੍ਰਕ੍ਰਿਆ ਮੁਕੰਮਲ ਹੋ ਜਾਂਦੀ ਹੈ ਅਤੇ ਤੁਹਾਡੀ ਆਮਦਨ ਤਸਦੀਕ ਹੋ ਜਾਂਦੀ ਹੈ, ਫਾਰਮਾਕੇਅਰ ਤੁਹਾਨੂੰ ਲਿਖਤੀ ਤੌਰ 'ਤੇ ਪੁਸ਼ਟੀ ਭੇਜੇਗਾ ਕਿ ਤੁਹਾਡੀ ਕਟੌਤੀ ਕਿੰਨੀ ਹੋਵੇਗੀ।

76608P-02-03

# ਸੁਆਲ ਅਤੇ ਜੁਆਬ

## ਸ: ਫਾਰਮਾਕੇਅਰ ਕੀ ਹੈ?

ਜ: ਫਾਰਮਾਕੇਅਰ ਇੱਕ ਡਰੱਗ ਇੰਸ਼ੋਰੈਂਸ ਪ੍ਰੋਗਰਾਮ ਹੈ, ਜੋ ਬ੍ਰਿਟਿਸ਼ ਕੁਲੰਬੀਅਨਾਂ ਨੂੰ ਮਾਇਕ ਸਹਾਇਤਾ ਦਿੰਦਾ ਹੈ, ਜਿਨ੍ਹਾਂ ਨੂੰ ਨੁਸਖੇ ਵਾਲੀਆਂ ਦਵਾਈਆਂ ਦੇ ਭੁਗਤਾਨ ਵਿਚ ਸਹਾਇਤਾ ਦੀ ਲੋੜ ਹੈ।

## ਸ: ਫਾਰਮਾਕੇਅਰ ਵਿਚ ਤਬਦੀਲੀ ਕਿਉਂ ਹੋ ਰਹੀ ਹੈ?

ਜ: ਫਾਰਮਾਕੇਅਰ ਤਬਦੀਲ ਹੋ ਰਿਹਾ ਹੈ, ਤਾਂਕਿ ਨੁਸਖੇ ਵਾਲੀਆਂ (ਡਾਕਟਰ ਤੋਂ ਲਿਖਾ ਕੇ ਮਿਲਣ ਵਾਲੀਆਂ) ਦਵਾਈਆਂ ਦੇ ਭੁਗਤਾਨ ਵੇਲੇ ਜਿਹੜੇ ਬ੍ਰਿਟਿਸ਼ ਕੁਲੰਬੀਅਨਾਂ ਨੂੰ ਮਾਇਕ ਸਹਾਇਤਾ ਦੀ ਲੋੜ ਹੈ, ਉਸ ਨੂੰ ਯਕੀਨੀ ਬਣਾਇਆ ਜਾਵੇ।ਨਵੇਂ ਫੇਅਰ ਫਾਰਮਾਕੇਅਰ ਪ੍ਰੋਗਰਾਮ ਅਧੀਨ, ਜਿੰਨੀ ਘੱਟ ਤੁਹਾਡੀ ਆਮਦਨ ਹੋਵੇਗੀ, ਉਨੀ ਵੱਧ ਸਰਕਾਰ ਨੁਸਖੇ ਵਾਲੀਆਂ ਦਵਾਈਆਂ ਲਈ ਸਹਾਇਤਾ ਕਰੇਗੀ।

ਮੌਜੂਦਾ ਸਮੇਂ ਬਹੁਤ ਸਾਰੇ ਘੱਟ ਆਮਦਨ ਵਾਲੇ ਲੋਕ ਆਪਣੀਆਂ ਨੁਸਖੇ ਵਾਲੀਆਂ ਦਵਾਈਆਂ ਲਈ ਵੱਧ ਆਮਦਨ ਵਾਲਿਆਂ ਦੇ ਮੁਕਾਬਲੇ ਵਧੇਰੇ ਹਿੱਸਾ ਅਦਾ ਕਰਦੇ ਹਨ। ਨਵੀਂ ਨੀਤੀ ਅਨੁਸਾਰ ਬੀਸੀ ਦੇ 280,000 ਪਰਿਵਾਰ-ਜਿਨ੍ਹਾਂ 'ਚੋਂ ਵਧੇਰੇ ਬਜ਼ੁਰਗ ਹਨ-ਹੁਣ ਨਾਲੋਂ ਘੱਟ ਅਦਾ ਕਰਨਗੇ।

ਬੀਤੇ ਸਮੇ ਵਿਚ ਅਨਿਆਂ ਸੰਗਤ ਨੀਤੀਆਂ ਨੇ ਫਰਮਾਕੇਅਰ ਦੀਆਂ ਮੁਸ਼ਕਲਾਂ ਨੂੰ ਵਧਾਉਣ ਵਿਚ ਯੋਗਦਾਨ ਪਾਇਆ ਹੈ। ਦਰਅਸਲ, ਫਾਰਮਾਕੇਅਰ ਹੁਣ ਬੀਸੀ ਦੇ ਹੈੱਲਥਕੇਅਰ ਬਜਟ ਦੇ ਸਭ ਤੋਂ ਤੇਜ਼ੀ ਨਾਲ ਵਧ ਰਹੇ ਭਾਗ ਦੀ ਪ੍ਰਤੀਨਿਧਤਾ ਕਰਦਾ ਹੈ। ਪਿਛਲੇ ਇੱਕ ਦਹਾਕੇ ਵਿਚ ਫਾਰਮਾਕੇਅਰ ਕੀਮਤਾਂ 147 ਫੀਸਦੀ ਵਧੀਆ ਹਨ ਅਤੇ ਆਉਂਦੇ ਦੋ ਦਹਾਕਿਆਂ ਵਿਚ ਇਹ ਵਾਧਾ 487 ਫੀਸਦੀ ਮਿਥਿਆ ਗਿਆ ਹੈ। ਭਵਿੱਖ ਵਿਚ ਫਾਰਮਾਕੇਅਰ ਨੂੰ ਸਥਿਰ ਰੱਖਣ ਲਈ ਹੁਣ ਤਬਦੀਲੀ ਜ਼ਰੂਰੀ ਹੈ ਅਤੇ ਉਨ੍ਹਾਂ ਲੋਕਾਂ ਲਈ ਲਗਾਤਾਰ ਮਾਇਕ ਸਹਾਇਤਾ ਉਪਲਭਦ ਰੱਖਣੀ ਜਿਨ੍ਹਾਂ ਨੂੰ ਨੁਸਖੇ ਵਾਲੀਆਂ ਦਵਾਈਆਂ ਖਰੀਦਣ ਵਿਚ ਸਹਾਇਤਾ ਦੀ ਲੋੜ ਹੈ, ਯਕੀਨੀ ਬਣਾਉਣਾ ਹੈ।

## ਸ: ਬੀਸੀ ਦੇ ਨਵੇਂ ਫੇਅਰ ਫਾਰਮਾਕੇਅਰ ਪ੍ਰੋਗਰਾਮ ਵਿਚ ਕੀ ਤਬਦੀਲ ਹੋ ਰਿਹਾ ਹੈ?

ਜ: ਮੁੱਖ ਫਾਰਮਾਕੇਅਰ ਯੋਜਨਾਵਾਂ (ਯੂਨੀਵਰਸਲ ਪਲੈਨ ਅਤੇ ਸੀਨੀਅਰਜ਼ ਪਲੈਨ) ਨੂੰ ਇਕੱਠਾ ਕਰਕੇ ਇੱਕ ਨਵੀਂ ਯੋਜਨਾ ਬਣਾਈ ਜਾ ਰਹੀ ਹੈ। ਨਵੀਂ ਯੋਜਨਾ ਪਰਿਵਾਰਾਂ ਦੀ ਨੈੱਟ ਆਮਦਨ ਦੇ ਅਧਾਰ 'ਤੇ ਉਨ੍ਹਾਂ ਨੂੰ ਯੋਗ ਨੁਸਖੇ ਵਾਲੀਆਂ ਦਵਾਈਆਂ ਦੇ ਭੁਗਤਾਨ ਵੇਲੇ ਸਹਾਇਤਾ ਕਰਦੀ ਹੈ। ਇਸ ਦਾ ਮਤਲਬ, ਜਿੰਨੀ ਘੱਟ ਤੁਹਾਡੀ ਆਮਦਨ ਹੋਵੇਗੀ, ਉਨੀ ਵੱਧ ਸਰਕਾਰ ਨੁਸਖੇ ਵਾਲੀਆਂ ਦਵਾਈਆਂ ਦੇ ਭੁਗਤਾਨ ਲਈ ਸਹਾਇਤਾ ਕਰੇਗੀ।

ਮੌਜੂਦਾ ਬਜ਼ੁਰਗਾਂ ਅਤੇ ਨੇੜ ਭਵਿੱਖ ਵਿਚ 65 ਸਾਲਾਂ ਦੇ ਹੋਣ ਵਾਲਿਆਂ (ਜੋ 1939 ਜਾਂ ਪਹਿਲਾਂ ਜਨਮੇ ਹਨ) ਦੀ ਸੁਰੱਖਿਆ ਦੀ ਸਹਾਇਤਾ ਲਈ, ਇੱਕ ਸੀਨੀਅਰਜ਼ ਫੇਅਰ ਫਾਰਮਾਕੇਅਰ ਪ੍ਰੋਗਰਾਮ ਲਗਾਤਾਰ ਉਪਲਬਦ ਰਹੇਗਾ। ਬ੍ਰਿਟਿਸ਼ ਕੁਲੰਬੀਅਨ ਜੋ 1940 ਜਾਂ ਬਾਦ ਵਿਚ ਜਨਮੇ ਹਨ ਜਿਹੜੇ ਰਜਿਸਟਰ ਹੋਣਗੇ, ਨਵੇਂ ਫੇਅਰ ਫਾਰਮਾਕੇਅਰ ਪ੍ਰੋਗਰਾਮ ਅਧੀਨ ਮਾਇਕ ਸਹਾਇਤਾ ਲਈ ਯੋਗ ਮੰਨੇ ਜਾਣਗੇ

## ਸ:ਨਵੇਂ ਪ੍ਰੋਗਰਾਮ ਵਿਚ ਕੀ ਤਬਦੀਲ ਨਹੀਂ ਹੋ ਰਿਹਾ? ਕਿਹੜੀਆਂ ਯੋਜ਼ਨਾਵਾਂ ਇਸ ਤਬਦੀਲੀ ਤੋਂ ਪ੍ਰਭਾਵਿਤ ਨਹੀਂ ਹੋਈਆਂ?

ਜ: ਹੇਠ ਲਿਖੇ ਗਰੁੱਪ ਜੋ ਯੂਨੀਵਰਸਲ ਜਾਂ ਸੀਨੀਅਰਜ਼ ਪਲੈਨ ਅਧੀਨ ਕਵਰ ਨਹੀਂ ਹਨ, ਦੀ ਮਾਇਕ ਸਹਾਇਤਾ ਦੀ ਦੇਖਰੇਖ ਕੀਤੀ ਜਾਵੇਗੀ:

- ਮਨਜ਼ੂਰਸ਼ੁਦਾ ਲੌਂਗ-ਟਰਮ ਕੇਅਰ ਸਹੂਲਤਾਂ ਵਿਚ ਰਹਿਣ ਵਾਲੇ ਲੋਕ
- ਉਹ ਲੋਕ ਜੋ ਮਿਨਿਸਟਰੀ ਔਫ ਹਿਊਮਨ ਰਿਸੋਰਸਸ ਦੁਆਰਾ ਮਾਇਕ ਸਹਾਇਤਾ ਲੈ ਰਹੇ ਹਨ
- ਉਹ ਲੋਕ ਜੋ ਸੂਬਾਈ ਸਿਸਟਿਕ ਫਾਈਬ੍ਰੋਸਿਸ ਕਲਿਨਿਕ ਨਾਲ ਰਜਿਸਟਰ ਹਨ*
- ਬੱਚੇ ਜੋ ਮਿਨਿਸਟਰੀ ਔਫ ਚਿਲਡਰਨ ਐਂਡ ਫੈਮਲੀ ਡਿਵੈਲਪਮੈਂਟ ਦੁਆਰਾ ਐਟ ਹੋਮ ਪ੍ਰੋਗਰਾਮ ਲਈ ਮੈਡੀਕਲ ਜਾਂ ਪੂਰੀ ਮਾਇਕ ਸਹਾਇਤਾ ਲਈ ਯੋਗ ਹੋਣ
- ਮਾਨਸਿਕ ਸਿਹਤ ਕੇਂਦਰਾਂ (ਮੈਂਟਲ ਹੈੱਲਥ ਸੈਂਟਰਜ਼) ਦੁਆਰਾ ਮਾਇਕ ਸਹਾਇਤਾ ਲਈ ਯੋਗ ਮਰੀਜ਼*
- ਪੈਲੀਏਟਿਵ ਕੇਅਰ ਡਰੱਗ ਪਲੈਨ ਅਧੀਨ ਮਾਇਕ ਸਹਾਇਤਾ ਲਈ ਯੋਗ ਮਰੀਜ਼*

*ਤੁਹਾਨੂੰ ਫਾਰਮਾ ਕੇਅਰ ਅਧੀਨ ਵਾਧੂ ਮਾਇਕ ਸਹਾਇਤਾ ਵਾਸਤੇ ਰਜਿਸਟਰ ਹੋਣ ਦੀ ਲੋੜ ਪਵੇਗੀ, ਉਨ੍ਹਾਂ ਨੁਸਖੇ ਵਾਲੀਆਂ ਦਵਾਈਆਂ ਲਈ ਜੋ ਇਨ੍ਹਾਂ ਯੋਜਨਾਵਾਂ ਵਿਚ ਸ਼ਾਮਲ ਨਹੀਂ ਹਨ। ਜੇ ਤੁਸੀਂ ਪਹਿਲਾਂ ਹੀ ਮੈਡੀਕਲ ਸਰਵਿਸਸ ਪਲੈਨ (MSP) ਪ੍ਰੀਮੀਅਮ ਲਈ ਸਹਾਇਤਾ ਲੈ ਰਹੇ ਹੋ ਤਾਂ ਤੁਸੀਂ ਪਹਿਲਾਂ ਹੀ 2003 ਵਾਸਤੇ ਨੁਸਖੇ ਵਾਲੀਆਂ ਦਵਾਈਆਂ ਦੀ ਕਵਰੇਜ ਲਈ ਦਰਜ ਹੋ।

ਇਸ ਦੇ ਨਾਲ ਹੀ ਇਹ ਤਬਦੀਲੀਆਂ ਉਨ੍ਹਾਂ ਦਵਾਈਆਂ ਨੂੰ ਪ੍ਰਭਾਵਿਤ ਨਹੀਂ ਕਰਨਗੀਆਂ ਜੋ ਬੀਸੀ ਕੈਂਸਰ ਏਜੰਸੀ, ਬੀਸੀ ਸੈਂਟਰ ਫਾਰ ਐਕਸਲੈਂਸ ਇਨ ਐੱਚ ਆਈ ਵੀ / ਏਡਜ਼, ਬੀਸੀ ਰੀਨਲ ਏਜੰਸੀ ਜਾਂ ਬੀਸੀ ਟਰਾਂਸਪਲਾਂਟ ਸੋਸਾਇਟੀ ਦੇ ਅਧੀਨ ਆਉਂਦੀਆਂ ਹਨ।

## ਸ: ਨਵਾਂ ਫੇਅਰ ਫਾਰਮਾਕੇਅਰ ਪ੍ਰੋਗਰਾਮ ਕਿਵੇਂ ਕੰਮ ਕਰੇਗਾ?

ਜ: ਘੱਟ ਆਮਦਨੀ ਵਾਲੇ ਬ੍ਰਿਟਿਸ਼ ਕੁਲੰਬੀਅਨ ਨਵੇਂ ਫੇਅਰ ਫਾਰਮਾਕੇਅਰ ਪ੍ਰੋਗਰਾਮ ਅਧੀਨ ਤੁਰੰਤ ਮਾਇਕ ਸਹਾਇਤਾ ਲੈ ਸਕਣਗੇ। ਬੀਤੇ ਸਮੇਂ ਵਾਂਗ, ਬੀਸੀ ਦੇ ਦੂਜੇ ਪਰਿਵਾਰ ਆਪਣੀਆਂ ਨੁਸਖੇ ਵਾਲੀਆਂ ਦਵਾਈਆਂ ਦੀ ਪੂਰੀ ਕੀਮਤ ਅਦਾ ਕਰਦੇ ਰਹਿਣਗੇ ਜਦ ਤੱਕ ਉਹ ਆਪਣੀ ਕਟੌਤੀ ਦੀ ਹੱਦ ਤੱਕ ਨਹੀਂ ਪਹੁੰਚ ਜਾਂਦੇ। ਜਦ ਇੱਕ ਵਾਰ ਉਨ੍ਹਾਂ ਦੀ ਕਟੌਤੀ ਪਹੁੰਚ ਗਈ, ਫਾਰਮਾਕੇਅਰ ਬਾਕੀ ਰਹਿੰਦੇ ਸਾਲ ਲਈ ਪਰਿਵਾਰਾਂ ਨੂੰ ਯੋਗ ਦਵਾਈਆਂ ਦਾ ਭੁਗਤਾਨ ਕਰਨ ਵਿਚ ਸਹਾਇਤਾ ਕਰੇਗਾ।

ਇਹ ਯਕੀਨੀ ਬਣਾਉਣ ਲਈ ਕਿ ਬ੍ਰਿਟਿਸ਼ ਕੁਲੰਬੀਅਨਾਂ ਦੀਆਂ ਦਵਾਈਆਂ ਦੀਆਂ ਸਾਲਾਨਾ ਕੀਮਤਾਂ ਉਨ੍ਹਾਂ ਦੀ ਪਹੁੰਚ ਤੋਂ ਵਧ ਨਾ ਜਾਣ, ਸਾਲ ਵਿਚ ਇੱਕ ਟੀਚਾ ਹੋਵੇਗਾ ਜਦੋਂ ਤੁਸੀਂ ਇਕ ਰਕਮ ਅਦਾ ਕਰ ਚੁੱਕੇ ਹੋਵੋਗੇ ਜਿਸ ਨੂੰ ਫੈਮਲੀ ਮੈਕਸੀਮਮ (ਪਰਿਵਾਰ ਵਲੋਂ ਵੱਧ ਤੋਂ ਵੱਧ) ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਉਦੋਂ, ਰਹਿੰਦੇ ਸਾਲ ਲਈ ਤੁਹਾਡੀਆਂ ਯੋਗ ਦਵਾਈਆਂ ਦਾ 100% ਖਰਚਾ ਫਾਰਮਾਕੇਅਰ ਕਵਰ ਕਰੇਗਾ।

### ਉਦਾਹਰਣ

ਕਰੇਨਬਰੁੱਕ ਵਿਚ ਇੱਕ ਬੱਚੇ ਨਾਲ ਰਹਿ ਰਹੀ ਇਕੱਲੀ ਮਾਂ ਸੋਨੀਆ, ਸਾਲਾਨਾ $28,000 ਕਮਾਉਂਦੀ ਹੈ। ਉਸਦੇ ਪਰਿਵਾਰ ਦੀ ਨੁਸਖੇ ਵਾਲੀਆਂ ਦਵਾਈਆਂ ਦੀ ਸਾਲਾਨਾ ਕੀਮਤ ਔਸਤ $2000 ਹੈ।

| | ਪੁਰਾਣਾ | | ਨਵਾਂ | |
|---|---|---|---|---|
| | ਫਾਰਮਾਕੇਅਰ ਦੀ ਅਦਾਇਗੀ | ਸੋਨੀਆ ਦੀ ਅਦਾਇਗੀ | ਫੇਅਰ ਫਾਰਮਾਕੇਅਰ ਦੀ ਅਦਾਇਗੀ | ਸੋਨੀਆ ਦੀ ਅਦਾਇਗੀ |
| ਸੋਨੀਆ - ਕੁੱਲ ਸਾਲਾਨਾ ਦਵਾਈਆਂ ਦਾ ਮੁੱਲ = $2,000 | $700 | $1300 | $1175 – 68% ਵਧੇਰੇ ਪਹਿਲਾਂ ਨਾਲੋਂ | $825 – 37% ਘੱਟ ਪਹਿਲਾਂ ਨਾਲੋਂ |

## ਸ:ਮਈ 1, 2003 ਨੂੰ ਨਵਾਂ ਫੇਅਰ ਫਾਰਮਾਕੇਅਰ ਪ੍ਰੋਗਰਾਮ ਸ਼ੁਰੂ ਹੋਣ ਤੋਂ ਬਾਦ ਜਦੋਂ ਮੈਂ ਪਹਿਲੀ ਵਾਰ ਆਪਣੀ ਨੁਸਖੇ ਵਾਲੀ ਦਵਾਈ ਲਈ ਤਾਂ ਕੀ ਫਰਕ ਪਵੇਗਾ? ਮੇਰੀ ਨਵੀਂ ਕਟੌਤੀ ਦੇ ਪਹੁੰਚਣ ਤੋਂ ਬਾਦ ਕੀ ਹੋਵੇਗਾ?

ਜ: ਜੇ ਤੁਹਾਡੇ ਵਲੋਂ 1 ਜਨਵਰੀ ਅਤੇ 1 ਮਈ, 2003 ਦਰਮਿਆਨ ਆਪਣੀਆਂ ਪਰਿਵਾਰਕ ਦਵਾਈਆਂ ਦੀ ਕੀਮਤ ਦਾ ਕੀਤਾ ਗਿਆ ਭੁਗਤਾਨ ਫੇਅਰ ਫਾਰਮਾਕੇਅਰ ਪ੍ਰੋਗਰਾਮ ਅਧੀਨ ਤੁਹਾਡੀ ਕਟੌਤੀ ਨਾਲ ਮੇਲ ਖਾਂਦਾ ਜਾਂ ਵਧ ਜਾਂਦਾ ਹੈ ਤਾਂ ਫਾਰਮਾਕੇਅਰ ਤੁਹਾਡੇ ਨੁਸਖਿਆਂ ਦੀ ਕੀਮਤ ਦੇ ਇੱਕ ਹਿੱਸੇ ਦਾ ਭੁਗਤਾਨ ਕਰੇਗਾ।

ਬੀਸੀ ਦੇ ਇੱਕ ਬਜ਼ੁਰਗ ਵਜੋਂ ਫਾਰਮਾਕੇਅਰ ਤੁਹਾਡੇ ਨੁਸਖਿਆਂ ਦੀ ਕੀਮਤ ਦਾ 75% ਅਦਾ ਕਰੇਗਾ, ਜਦੋਂ ਤੁਸੀਂ ਇੱਕ ਵਾਰ ਆਪਣੀ ਨਵੀਂ ਕਟੌਤੀ ਨੂੰ ਪਹੁੰਚ ਗਏ।

ਬੀਸੀ ਦੇ ਇੱਕ ਬਜ਼ੁਰਗ ਨਾ ਹੋਣ ਵਜੋਂ ਫਾਰਮਾਕੇਅਰ ਤੁਹਾਡੇ ਨੁਸਖਿਆਂ ਦੀ ਕੀਮਤ ਦਾ 70% ਅਦਾ ਕਰੇਗਾ, ਜਦੋਂ ਤੁਸੀਂ ਇੱਕ ਵਾਰ ਆਪਣੀ ਨਵੀਂ ਕਟੌਤੀ ਨੂੰ ਪਹੁੰਚ ਗਏ।

ਜੇ ਤੁਸੀਂ ਤੁਹਾਡੀ ਨਵੀਂ ਕਟੌਤੀ ਨੂੰ ਨਹੀਂ ਪਹੁੰਚਦੇ, ਤਾਂ ਤੁਹਾਨੂੰ ਪੂਰੀ ਕੀਮਤ ਅਦਾ ਕਰਨੀ ਹੀ ਪਵੇਗੀ।

## ਸ:ਨਵਾਂ ਫੇਅਰ ਫਾਰਮਾਕੇਅਰ ਪ੍ਰੋਗਰਾਮ ਕਦੋਂ ਸ਼ੁਰੂ ਹੋਣਾ ਹੈ?

ਜ: ਨਵਾਂ ਫੇਅਰ ਫਾਰਮਾਕੇਅਰ ਪ੍ਰੋਗਰਾਮ 1 ਮਈ, 2003 ਨੂੰ ਸ਼ੁਰੂ ਹੁੰਦਾ ਹੈ। ਮੌਜੂਦਾ ਪ੍ਰੋਗਰਾਮ 30 ਅਪਰੈਲ, 2003 ਤੱਕ ਜਾਰੀ ਰਹੇਗਾ। ਯੋਗ ਨੁਸਖੇ ਦੀ ਕੀਮਤ ਦੀ ਰਕਮ ਦੀ ਅਦਾਇਗੀ ਜੋ ਤੁਸੀਂ 1 ਜਨਵਰੀ, 2003 ਅਤੇ ਨਵਾਂ ਪ੍ਰੋਗਰਾਮ ਸ਼ੁਰੂ ਹੋਣ ਦੇ ਦਰਮਿਆਨ ਕਰ ਚੁੱਕੇ ਹੋਵੋਗੇ ਉਹ ਚੱਲਦੀ ਰਹੇਗੀ ਅਤੇ ਤੁਹਾਡੀ ਨਵੀਂ ਕਟੌਤੀ ਦੇ ਸੰਬੰਧ ਵਿਚ ਗਿਣ ਲਈ ਜਾਵੇਗੀ।

## ਸ:ਨਵੇਂ ਪ੍ਰੋਗਰਾਮ ਅਧੀਨ ਮੇਰੀ ਕਵਰੇਜ ਕੀ ਹੈ?

ਜ: ਅੱਗੇ ਦਿੱਤੀਆਂਸਾਰਣੀਆਂ ਤੁਹਾਨੂੰ ਆਪਣੀ ਨਵੀਂ ਕਵਰੇਜ ਅਤੇ ਕਟੌਤੀ ਬਾਰੇ ਅੰਦਾਜ਼ਾ ਲਾਉਣ ਵਿਚ ਸਹਾਇਕ ਹੋਣਗੀਆਂ। ਇੱਕ ਵਾਰ ਜਦ ਤੁਹਾਡੇ ਪਰਿਵਾਰ ਦੀ ਨੈੱਟ ਆਮਦਨ ਕੈਨੇਡਾ ਕਸਟਮ ਅਤੇ ਰੈਵੇਨਿਊ ਏਜੰਸੀ ਤੋਂ ਤਸਦੀਕ ਹੋ ਗਈ, ਤਾਂ ਫਾਰਮਾਕੇਅਰ ਤੁਹਾਨੂੰ ਲਿਖਤੀ ਤੌਰ 'ਤੇ ਤੁਹਾਡੀ ਕਟੌਤੀ ਦੀ ਪੁਸ਼ਟੀ ਕਰੇਗਾ।

ਜੇ ਤੁਸੀਂ ਬੀਸੀ ਦੇ ਰਹਿਣ ਵਾਲੇ ਹੋ ਅਤੇ ਮੈਡੀਕਲ ਸਰਵਿਸ ਪਲੈਨ (MSP) ਪ੍ਰੀਮੀਅਮ ਸਹਾਇਤਾ ਲੈ ਰਹੇ ਹੋ, ਤਾਂ ਤੁਸੀਂ ਪਹਿਲਾਂ ਹੀ MSP ਨੂੰ ਆਪਣੀ ਆਮਦਨ ਬਾਰੇ ਜਾਣਕਾਰੀ ਦੇ ਚੁੱਕੇ ਹੋ।ਨਤੀਜੇ ਵਜੋਂ

MSP ਸਮਰੱਥ ਹੈ ਕਿ ਉਹ ਫੇਸਲਾ ਕਰਕੇ ਫਾਰਮਾਕੇਅਰ ਨੂੰ ਤੁਹਾਡੇ ਜਾਇਜ਼ ਕਵਰੇਜ ਲੈਵਲ ਬਾਰੇ ਸਲਾਹ ਦੇ ਸਕੇ। ਹੇਠ ਦਿੱਤੀਆਂ ਸਾਰਣੀਆਂ ਕਵਰੇਜ ਲੈਵਲ ਬਾਰੇ ਦੱਸਦੀਆਂ ਹਨ।

ਨਾਨ-ਸੀਨੀਅਰਸ (ਜੋ ਬਜ਼ੁਰਗ ਨਹੀਂ) ਹੇਠ ਲਿਖੀ ਫੇਅਰ ਫਾਰਮਾਕੇਅਰ ਮਾਇਕ ਸਹਾਇਤਾ ਲੈਂਦੇ ਹਨ:

## ਫੇਅਰ ਫਾਰਮਾਕੇਅਰ ਪ੍ਰੋਗਰਾਮ

| ਨੈੱਟ ਸਾਲਾਨਾ ਪਰਿਵਾਰਕ ਆਮਦਨ | ਪਰਿਵਾਰਕ ਕਟੌਤੀ | ਹਿੱਸਾ ਜੋ ਫਾਰਮਾਕੇਅਰ ਨੇ ਦੇਣਾ ਹੈ (ਇੱਕ ਵਾਰ ਜਦੋਂ ਕਟੌਤੀ ਪਹੁੰਚ ਗਈ) | ਪਰਿਵਾਰ ਵਲੋਂ ਵੱਧ ਤੋਂ ਵੱਧ ਅਦਾਇਗੀ (ਜਿਸ ਤੋਂ ਬਾਦ ਕੀਮਤ ਦਾ 100% ਕਵਰ ਹੈ) |
|---|---|---|---|
| $15,000 ਤੋਂ ਘੱਟ | ਕੋਈ ਨਹੀਂ (ਸਰਕਾਰ ਤੁਰੰਤ ਤੁਹਾਡੀ ਦਵਾਈ ਦੀਆਂ ਕੀਮਤਾਂ ਲਈ ਸਹਾਇਤਾ ਕਰੇਗੀ) | 70% ਕੀਮਤ ਨੁਸਖੇ ਵਾਲੀ ਦਵਾਈ ਦੀ | ਤੁਹਾਡੀ ਨੈੱਟ ਆਮਦਨ ਦੇ 2% ਬਰਾਬਰ |
| $15,000 ਤੋਂ $30,000 ਦੇ ਵਿਚਕਾਰ | ਤੁਹਾਡੀ ਨੈੱਟ ਆਮਦਨ ਦੇ 2% ਬਰਾਬਰ | 70% ਕੀਮਤ ਨੁਸਖੇ ਵਾਲੀ ਦਵਾਈ ਦੀ | ਤੁਹਾਡੀ ਨੈੱਟ ਆਮਦਨ ਦੇ 3% ਬਰਾਬਰ |
| $30,000 ਤੋਂ ਵੱਧ | ਤੁਹਾਡੀ ਨੈੱਟ ਆਮਦਨ ਦੇ 3% ਬਰਾਬਰ | 70% ਕੀਮਤ ਨੁਸਖੇ ਵਾਲੀ ਦਵਾਈ ਦੀ | ਤੁਹਾਡੀ ਨੈੱਟ ਆਮਦਨ ਦੇ 4% ਬਰਾਬਰ |

## ਸੀਨੀਅਰ'ਜ਼ ਫੇਅਰ ਫਾਰਮਾਕੇਅਰ ਪ੍ਰੋਗਰਾਮ

| ਨੈੱਟ ਸਾਲਾਨਾ ਪਰਿਵਾਰਕ ਆਮਦਨ | ਪਰਿਵਾਰਕ ਕਟੌਤੀ | ਹਿੱਸਾ ਜੋ ਫਾਰਮਾਕੇਅਰ ਨੇ ਦੇਣਾ ਹੈ (ਇੱਕ ਵਾਰ ਜਦੋਂ ਕਟੌਤੀ ਪਹੁੰਚ ਗਈ) | ਪਰਿਵਾਰ ਵਲੋਂ ਵੱਧ ਤੋਂ ਵੱਧ ਅਦਾਇਗੀ (ਜਿਸ ਤੋਂ ਬਾਦ ਕੀਮਤ ਦਾ 100% ਕਵਰ ਹੈ) |
|---|---|---|---|
| $33,000 ਤੋਂ ਘੱਟ | ਕੋਈ ਨਹੀਂ (ਸਰਕਾਰ ਤੁਰੰਤ ਤੁਹਾਡੀ ਦਵਾਈ ਦੀਆਂ ਕੀਮਤਾਂ ਲਈ ਸਹਾਇਤਾ ਕਰੇਗੀ) | 75% ਕੀਮਤ ਨੁਸਖੇ ਵਾਲੀ ਦਵਾਈ ਦੀ | ਤੁਹਾਡੀ ਨੈੱਟ ਆਮਦਨ ਦੇ 1.25% ਬਰਾਬਰ |
| $33,000 ਤੋਂ $50,000 ਦੇ ਵਿਚਕਾਰ | ਤੁਹਾਡੀ ਨੈੱਟ ਆਮਦਨ ਦੇ 1% ਬਰਾਬਰ | 75% ਕੀਮਤ ਨੁਸਖੇ ਵਾਲੀ ਦਵਾਈ ਦੀ | ਤੁਹਾਡੀ ਨੈੱਟ ਆਮਦਨ ਦੇ 2% ਬਰਾਬਰ |
| $50,000 ਤੋਂ ਵੱਧ | ਤੁਹਾਡੀ ਨੈੱਟ ਆਮਦਨ ਦੇ 2% ਬਰਾਬਰ | 75% ਕੀਮਤ ਨੁਸਖੇ ਵਾਲੀ ਦਵਾਈ ਦੀ | ਤੁਹਾਡੀ ਨੈੱਟ ਆਮਦਨ ਦੇ 3% ਬਰਾਬਰ |

ਨੋਟ: 65 ਸਾਲ ਦੀ ਉਮਰ ਵਿਚ ਸੀਨੀਅਰ'ਜ਼ ਫੇਅਰ ਫਾਰਮਾਕੇਅਰ ਪ੍ਰੋਗਰਾਮ ਲਈ ਯੋਗ ਹੋਣ ਵਾਸਤੇ, ਜ਼ਰੂਰੀ ਹੈ ਕਿ ਤੁਸੀਂ ਜਾਂ ਤੁਹਾਡਾ ਜੀਵਨ-ਸਾਥੀ (ਸਪਾਊਸ) 1939 ਵਿਚ ਜਾਂ ਪਹਿਲਾਂ ਜਨਮੇ ਹੋਵੋਂ।

### ਸ: ਮੇਰੇ ਕੋਲ ਐਕਸਟੈਂਡਡ ਹੈੱਲਥ ਪਲੈਨ ਹੈ ਜੋ ਮੇਰੀਆਂ ਨੁਸਖੇ ਵਾਲੀਆਂ ਦਵਾਈਆਂ ਦੀਆਂ ਕੀਮਤਾਂ ਨੂੰ ਕੁਝ ਕਵਰ ਕਰਦਾ ਹੈ। ਫਾਰਮਾਕੇਅਰ ਤਬਦੀਲੀਆਂ ਦਾ ਮੇਰੇ 'ਤੇ ਕੀ ਪ੍ਰਭਾਵ ਪਵੇਗਾ?

ਜ: ਫਾਰਮਾਕੇਅਰ ਤੀਜੀ ਪਾਰਟੀ ਬੀਮਾ ਕੰਪਨੀਆਂ ਨੂੰ ਨਵੇਂ ਫਾਰਮਾਕੇਅਰ ਪ੍ਰੋਗਰਾਮ ਬਾਰੇ ਵਿਸਥਾਰ ਵਿਚ ਜਾਣਕਾਰੀ ਦੇਣ ਲਈ ਕੰਮ ਕਰ ਰਿਹਾ ਹੈ। ਤੁਸੀਂ ਆਪਣੀ ਬੀਮਾ ਕੰਪਨੀ ਨਾਲ ਸੰਪਰਕ ਕਰਨ ਦੀ ਇੱਛਾ ਵੀ ਕਰ ਸਕਦੇ ਹੋ, ਤਾਂਕਿ ਜੇ ਤੁਹਾਡੀ ਐਕਸਟੈਂਡਡ ਹੈੱਲਥ ਕਵਰੇਜ ਵਿਚ ਕੋਈ ਤਬਦੀਲੀ ਆਈ ਹੋਵੇ ਤਾਂ ਉਸ ਬਾਰੇ ਚੰਗੀ ਤਰਾਂ ਸਮਝ ਲੱਗ ਸਕੇ।

### ਸ: ਦਵਾਈ ਦੀਆਂ ਕੀਮਤਾਂ ਨੂੰ ਕਾਬੂ ਵਿਚ ਰੱਖਣ ਲਈ ਹੋਰ ਕੀ ਕੀਤਾ ਜਾ ਰਿਹਾ ਹੈ?

ਜ: ਬੀਸੀ ਸਰਕਾਰ ਫਾਰਮਾਕੇਅਰ ਦੀ ਰਾਖੀ ਲਈ ਬੜੀ ਸਖਤ ਮਿਹਨਤ ਕਰ ਰਹੀ ਹੈ, ਇਸ ਲਈ ਨੁਸਖੇ ਵਾਲੀਆਂ ਦਵਾਈਆਂ ਦੇ ਅਸਰ ਤੋਂ ਜਾਣੂ ਹੋਣ ਲਈ ਦੂਜੇ ਸੂਬਿਆਂ ਨਾਲ ਮਿਲ ਕੇ ਇੱਕ ਸਾਂਝੇ ਡਰੱਗ ਰੀਵਿਊ ਪ੍ਰੋਸੈੱਸ ਸਮੇਤ ਕੀਮਤਾਂ ਨੂੰ ਕਾਬੂ ਵਿਚ ਰੱਖਣ ਲਈ ਨਵੇਂ ਮਾਪਦੰਡ ਅਪਣਾ ਰਹੀ ਹੈ। ਹੋਰ ਕੋਸ਼ਿਸ਼ਾਂ ਵਿਚ ਅਕੁਸ਼ਲਤਾ ਨੂੰ ਘਟਾਉਣਾ, ਦਵਾਈਆਂ ਦੀ ਗਲਤ ਵਰਤੋਂ ਦੀ ਰੋਕਥਾਮ ਅਤੇ ਜ਼ੀਰਣ (ਕਰੋਨਿਕ) ਰੋਗਾਂ ਦੀ ਦੇਖ-ਰੇਖ ਨੂੰ ਸੁਧਾਰਨਾ ਸ਼ਾਮਲ ਹੈ।

### ਸ: ਮੈਨੂੰ ਸਹਿਮਤੀ (ਕੰਨਸੈਂਟ) ਫਾਰਮ 'ਤੇ ਦਸਖਤ ਕਰਨੇ ਕਿਉਂ ਜ਼ਰੂਰੀ ਹਨ? ਕੀ ਸਰਕਾਰ ਕੋਲ ਪਹਿਲਾਂ ਹੀ ਮੇਰੀ ਆਮਦਨ ਬਾਰੇ ਜਾਣਕਾਰੀ ਨਹੀਂ ਹੈ?

ਜ: ਫੈੱਡਰਲ ਸਰਕਾਰ, ਕੈਨੇਡਾ ਕਸਟਮ ਅਤੇ ਰੈਵੇਨਿਊ ਏਜੰਸੀ ਰਾਹੀ ਮੰਗ ਕਰਦੀ ਹੈ ਕਿ ਜੇ ਫਾਰਮਾਕੇਅਰ ਨੇ ਨਵੇਂ ਫੇਅਰ ਫਾਰਮਾਕੇਅਰ ਪ੍ਰੋਗਰਾਮ ਅਧੀਨ ਤੁਹਾਨੂੰ ਵੱਧ ਤੋਂ ਵੱਧ ਮਾਇਕ ਸਹਾਇਤਾ ਦੇਣ ਦਾ ਫੈਸਲਾ ਕਰਨ ਲਈ ਤੁਹਾਡੀ ਆਮਦਨ ਬਾਰੇ ਜਾਣਕਾਰੀ ਤੱਕ ਪਹੁੰਚਣਾ ਹੈ ਤਾਂ ਉਸ ਨੂੰ ਤੁਹਾਡੀ ਸਹਿਮਤੀ (ਕੰਨਸੈਂਟ) ਲੈਣੀ ਜ਼ਰੂਰੀ ਹੈ।

### ਸ: ਜੇ ਮੈਂ ਆਪਣੀ ਆਮਦਨ ਨਹੀਂ ਦੱਸਣੀ ਚਾਹੁੰਦਾ ਤਾਂ ਕੀ ਕੀਤਾ ਜਾਵੇ?

ਜ: ਨਵਾਂ ਫੇਅਰ ਫਾਰਮਾਕੇਅਰ ਪ੍ਰੋਗਰਾਮ ਇਸ ਲਈ ਬਣਾਇਆ ਗਿਆ ਹੈ ਕਿ ਬ੍ਰਿਟਿਸ਼ ਕੁਲੰਬੀਅਨਾਂ ਦੀ ਨੁਸਖੇ ਵਾਲੀਆਂ ਦਵਾਈਆਂ ਤੱਕ ਜਾਇਜ਼ ਪਹੁੰਚ ਹੋਵੇ ਅਤੇ ਜਿਨ੍ਹਾਂ ਨੂੰ ਵੱਧ ਲੋੜ ਹੈ ਉਨ੍ਹਾਂ ਦੀ ਰਾਖੀ ਕੀਤੀ ਜਾਵੇ। ਇਸ ਮਹੱਤਵਪੂਰਨ ਜਾਣਕਾਰੀ ਤੋਂ ਬਿਨਾਂ ਫਾਰਮਾਕੇਅਰ ਨਵੇਂ ਪ੍ਰੋਗਰਾਮ ਦੇ ਅਧੀਨ ਤੁਹਾਡੀ ਵੱਧ ਤੋਂ ਵੱਧ ਮਾਇਕ ਸਹਾਇਤਾ ਦਾ ਹਿਸਾਬ ਲਾਉਣ ਲਈ ਅਸਮਰੱਥ ਹੋਵੇਗਾ।

### ਸ: ਜੇ ਮੈਂ ਰਜਿਸਟਰ ਹੋਣ ਵੇਲੇ ਭੁਲੇਖੇ ਨਾਲ ਗਲਤ ਆਮਦਨੀ ਦੱਸ ਦਿੱਤੀ ਤਾਂ ਕੀ ਕੀਤਾ ਜਾਵੇ?

ਜ: ਜੇ ਤੁਹਾਨੂੰ ਪਤਾ ਲੱਗ ਗਿਆ ਕਿ ਤੁਸੀਂ ਭੁਲੇਖੇ ਨਾਲ ਗਲਤ ਆਮਦਨ ਦੱਸ ਦਿੱਤੀ ਹੈ, ਤਾਂ ਤੁਸੀਂ ਫਾਰਮਾਕੇਅਰ ਨੂੰ 1-800-387-4977 ਨੰਬਰ 'ਤੇ ਫੋਨ ਕਰੋ।

### ਸ: ਜੇ ਮੈਨੂੰ ਪਤਾ ਨਹੀਂ ਕਿ ਮੇਰੀ 2001 ਦੀ ਆਮਦਨ ਕੀ ਹੈ ਤਾਂ ਕੀ ਕੀਤਾ ਜਾਵੇ?

ਜ: ਤੁਸੀਂ ਆਪਣੀ ਨੈੱਟ ਆਮਦਨੀ ਆਪਣੇ ਅਸੈੱਸਮੈਂਟ ਨੋਟਿਸ 'ਤੇ ਜਾਂ ਆਪਣੇ ਟੈਕਸ ਫਾਰਮ ਦੀ ਲਾਈਨ ਨੰਬਰ 236 'ਤੇ ਦੇਖ ਸਕਦੇ ਹੋ। ਤੁਸੀਂ ਕੈਨੇਡਾ ਕਸਟਮ ਅਤੇ ਰੈਵੀਨਿਊ ਏਜੰਸੀ ਨੂੰ 1-800-959-8281 ਨੰਬਰ 'ਤੇ ਫੋਨ ਵੀ ਕਰ ਸਕਦੇ ਹੋ ਜਾਂ ਸਹਾਇਤਾ ਲਈ ਆਪਣੇ ਸਥਾਨਕ ਟੈਕਸ ਸੇਵਾਵਾਂ ਦੇ ਦਫਤਰ ਨਾਲ ਸੰਪਰਕ ਕਰੋ।

### ਸ: ਜੇ ਮੇਰੀ ਆਮਦਨ ਬਦਲ ਜਾਂਦੀ ਹੈ ਤਾਂ ਕੀ ਕੀਤਾ ਜਾਵੇ?

ਜ: ਹਰ ਸਾਲ ਤੁਹਾਡੀ ਆਮਦਨ ਤੁਹਾਡੇ ਆਮਦਨ ਟੈਕਸ ਭਰਨ ਤੋਂ ਤਸਦੀਕ ਕੀਤੀ ਜਾਵੇਗੀ ਅਤੇ ਜੇ ਕਿਸੇ ਅਡਜਸਟਮੈਂਟ ਦੀ ਲੋੜ ਪਈ ਤਾਂ ਆਪਣੇ ਆਪ ਕਰ ਦਿੱਤੀ ਜਾਵੇਗੀ।

### ਸ: 2001 ਦੀ ਟੈਕਸ ਰਿਟਰਨ ਭਰਨ ਤੋਂ ਬਾਦ ਜੇ ਮੇਰੀ ਘਰੇਲੂ ਆਮਦਨ ਖਾਸ ਤੌਰ 'ਤੇ ਘਟ ਜਾਂਦੀ ਹੈ ਤਾਂ ਕੀਤਾ ਜਾਵੇ?

ਜ: ਨਵਾਂ ਫੇਅਰ ਫਾਰਮਾਕੇਅਰ ਪ੍ਰੋਗਰਾਮ ਲਚਕਦਾਰ ਹੈ ਅਤੇ ਯਕੀਨੀ ਬਣਾਉਂਦਾ ਹੈ ਕਿ ਸਾਰੇ ਬ੍ਰਿਟਿਸ਼ ਕੁਲੰਬੀਅਨਾਂ ਦੀ ਪਹੁੰਚ ਆਪਣੀ ਵੱਧ ਤੋਂ ਵੱਧ ਮਾਇਕ ਸਹਾਇਤਾ ਤੱਕ ਹੋ ਸਕੇ। ਉਨ੍ਹਾਂ ਦੇ ਮਾਇਕ ਹਾਲਾਤ ਅਚਾਨਕ ਬਦਲ ਜਾਣ ਦੀ ਸੂਰਤ ਵਿਚ ਬੀਸੀ ਦੇ ਨਵੇਂ ਫਾਰਮਾਕੇਅਰ ਪ੍ਰੋਗਰਾਮ ਵਿਚ ਅਪੀਲ ਕਰਨ ਦੀ ਪ੍ਰਕ੍ਰਿਆ ਵੀ ਹੈ।

ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡੀ ਆਮਦਨ ਖਾਸੀ ਘਟੀ ਹੈ, ਤਾਂ ਤੁਸੀਂ ਘੱਟ ਕਟੌਤੀ ਲਈ ਦਰਖਾਸਤ ਕਰ ਸਕਦੇ ਹੋ। ਹੋਰ ਜਾਣਕਾਰੀ ਲਈ, ਸਾਡੀ ਵੈੱਬ ਸਾਈਟ www.gov.bc.ca 'ਤੇ ਜਾਓ, ਜਾਂ 1-800-387-4977 ਨੰਬਰ 'ਤੇ ਮੁਫਤ ਫੋਨ ਕਰੋ।

### ਸ: ਅਗਲੇ ਸਾਲ ਕੀ ਹੋਵੇਗਾ?

ਜ: ਹਰ ਸਾਲ ਤੁਹਾਡੀ ਨੈੱਟ ਆਮਦਨ ਤਸਦੀਕ ਕੀਤੀ ਜਾਵੇਗੀ ਅਤੇ ਕਵਰੇਜ ਦਾ ਜਾਇਜ਼ ਲੈਵਲ ਸੈੱਟ ਕੀਤਾ ਜਾਵੇਗਾ। ਤੁਹਾਡਾ ਦਸਖਤ ਕੀਤਾ ਹੋਇਆ ਸਹਿਮਤੀ (ਕੰਨਸੈਂਟ) ਫਾਰਮ ਆਉਣ ਵਾਲੇ ਸਾਲਾਂ ਲਈ ਫਾਰਮਾਕੇਅਰ ਨੂੰ ਤੁਹਾਡੀ ਆਮਦਨ ਸੰਬੰਧੀ ਜਾਣਕਾਰੀ ਤੱਕ ਪਹੁੰਚਣ ਦੀ ਇਜਾਜ਼ਤ ਦੇਵੇਗਾ।

### ਸ: ਜੇ ਮੈਂ 1 ਮਈ, 2003 ਤੱਕ ਰਜਿਸਟਰ ਨਹੀਂ ਹੁੰਦਾ ਤਾਂ ਕੀ ਹੋਵੇਗਾ?

ਜ: ਤੁਹਾਨੂੰ 1 ਮਈ, 2003 ਤੋਂ ਪਹਿਲਾਂ ਰਜਿਸਟਰ ਹੋਣਾ ਚਾਹੀਦਾ ਹੈ, ਜਦੋਂ ਕਿ ਨਵਾਂ ਫੇਅਰ ਫਾਰਮਾਕੇਅਰ ਪ੍ਰੋਗਰਾਮ ਸ਼ੁਰੂ ਹੋਣਾ ਹੈ। ਫਿਰ ਵੀ, ਤੁਸੀਂ ਨਵੇਂ ਪ੍ਰੋਗਰਾਮ ਅਧੀਨ ਮਾਇਕ ਸਹਾਇਤਾ ਲੈਣੀ ਸ਼ੁਰੂ ਕਰਨ ਲਈ ਕਿਸੇ ਸਮੇਂ ਵੀ ਰਜਿਸਟਰ ਹੋ ਸਕਦੇ ਹੋ। ਜੇ ਤੁਸੀਂ ਰਜਿਸਟਰ ਨਹੀਂ ਹੁੰਦੇ, ਤਾਂ ਤੁਸੀਂ ਵੱਧ ਤੋਂ ਵੱਧ ਫਰਮਾਕੇਅਰ ਮਾਇਕ ਸਹਾਇਤਾ ਲੈਣ ਦੇ ਯੋਗ ਨਹੀਂ ਹੋਵੋਗੇ, ਇਸ ਲਈ ਅਗੇਤੇ ਰਜਿਸਟਰ ਹੋਣ ਦੀ ਸਲਾਹ ਦਿੱਤੀ ਜਾਂਦੀ ਹੈ।

ਹੋਰ ਵਧੇਰੇ ਜਾਣਕਾਰੀ ਲੈਣ ਲਈ ਸਾਡੀ ਵੈੱਬ ਸਾਈ **www.gov.bc.ca** 'ਤੇ ਜਾਓ, ਜਾਂ ਟੋਲ ਫਰੀ ਨੰਬਰ 1-800-387-4977 'ਤੇ ਫੋਨ ਕਰੋ।